ISSN: 2584-0509



# ਸਿਸਕਦੇ ਸ਼ਬਦਾਂ ਦਾ ਸੰਵਾਦ 'ਬਿਰਖ਼ ਅਰਜ਼ ਕਰੇ'



ਡਾ. ਰਾਜਨਦੀਪ ਕੌਰ
ਮੁਖੀ, ਪੰਜਾਬੀ ਵਿਭਾਗ
ਗੁਰੂ ਨਾਨਕ ਕਾਲਜ,
ਬੁਢਲਾਡਾ (ਮਾਨਸਾ)।
+91 9855767477

ਪਾਤਰ-ਕਾਵਿ ਪੰਜਾਬੀ ਸੰਵੇਦਨਾ ਦੀ ਉਹ ਸਿਸਕੀ ਹੈ ਜਿਹੜੀ ਨਿਰੰਤਰ ਪੰਜਾਬ ਦੇ ਵਿਗੜਦੇ ਮਾਹੌਲ ਤੇ ਸੰਤਾਪਾਂ ਨੂੰ ਵੱਖਰੇ ਜਾਂਵੀਏ ਤੋਂ ਝਾਕਣ, ਸਮਝਣ ਤੇ ਬਿਆਨਣ ਦੀ ਕਸ਼ਮਕਸ਼ ਵਿਚ ਰਹਿੰਦੀ ਹੈ। ਉਹ ਆਪਣੇ ਸਮੇਤ ਹਰ ਵਰਗ 'ਤੇ ਕਟਾਖ਼ਸ਼ ਵੀ ਕਰਦਾ ਹੈ ਜਿਹੜਾ ਸਭ-ਕੁਝ ਵੇਖਦਾ ਤੇ ਹੰਢਾਉਂਦਾ ਹੋਇਆ ਚੁੱਪ ਹੈ। ਸੁਰਜੀਤ ਪਾਤਰ ਇਕ ਸੰਵੇਦਨਸ਼ੀਲ ਸ਼ਖ਼ਸ ਤੇ ਸੰਜੀਦਾ ਸਿਰਜਨਕਾਰ ਹੈ ਜਿਸ ਨੇ ਆਪਣੇ ਸਮਿਆਂ ਦੇ ਵਿਰਲਾਪ ਨੂੰ ਜਿਵੇਂ ਦੇਖਿਆ, ਸਮਝਿਆ ਤੇ ਹੰਢਾਇਆ, ਉਸ ਪ੍ਰਤੀ ਹਉਕੇ ਭਰਦਾ, ਸਿਸਕੀਆਂ ਲੈਂਦਾ, ਹਟਕੋਰੇ ਲੈਂਦਾ ਤੇ ਮਨ ਨੂੰ ਝੂਠਾ ਭਰੋਸਾ, ਆਸ ਤੇ ਧਰਵਾਸ ਦਿੰਦਾ ਹੈ। ਕਵੀ ਦੀ ਸਿਰਜਣਾ ਆਪਣੀ ਸਿਰਜਣਾਤਮਕਤਾ ਰਾਹੀਂ ਸਮਾਜ ਦੇ ਯਥਾਰਥ, ਰਾਜਨੀਤਕ ਦੰਭ ਦੇ ਦਾਉ-ਪੇਚ ਤੇ ਲੋਕਾਈ ਦੀ ਮਾਨਸਿਕਤਾ ਨੂੰ ਆਵਾਜ਼ ਦੇਣ ਦਾ ਕਾਰਜ ਕਰਦੀ ਹੈ। ਜਦੋਂ ਸਮੁੱਚੀ ਕਾਇਨਾਤ ਸੌਂ ਰਹੀ ਹੁੰਦੀ ਹੈ ਤਾਂ ਕਵੀ ਦਾ ਮਨ ਅੰਤਾਂ ਦੇ ਦਰਦ, ਪੀੜਾ, ਅਰਮਾਨਾਂ ਨਾਲ ਸੰਘਰਸ਼ ਕਰ ਰਿਹਾ ਹੁੰਦਾ ਹੈ। ਕਦੇ-ਕਦੇ ਇਹ ਪੀੜ, ਇਹ ਦਰਦ ਏਨਾ ਵੱਧ ਜਾਂਦਾ ਹੈ ਕਿ ਦਰਦ ਦੀ ਖਾਮੋਸ਼ੀ ਕਲਾਕਾਰ ਨੂੰ ਡਰਾਉਣ ਲੱਗ ਪੈਂਦੀ ਹੈ। ਉਹ ਆਪਣੀ ਸਿਰਜਣ-ਪ੍ਰਕਿਰਿਆ ਨੂੰ ਸ਼ਾਂਤ ਹੋਣ ਲਈ ਬੇਨਤੀ ਕਰਦਾ ਹੈ। ਆਪਣੇ ਸ਼ਬਦਾਂ ਨੂੰ ਸੁਆ ਦੇਣ ਦਾ ਯਤਨ ਕਰਦਾ ਹੈ:

> ਚੁੱਪ ਗਹਿਰੀ ਹੋ ਗਈ ਏ ਹੁਣ ਤਾਂ ਮੇਰੇ ਗੀਤ ਤੋਂ
> ਅਲਵਿਦਾ ਸ਼ਬਦੋ ਕਿ ਹੁਣ ਕੁਛ ਬੋਲਣਾ ਨਹੀਂ।[1]

ਪਾਤਰ ਹਰ ਆਵਾਜ਼ ਦਾ ਪਾਤਰ ਬਣਨਾ ਚਾਹੁੰਦਾ ਹੈ। ਇਸ ਲਈ ਉਸਦੀ ਰਚਨਾ ਹਰ ਉਸ ਸਖ਼ਸ਼ ਦੀ ਬਾਂਹ ਫੜ੍ਹਨ ਦਾ ਯਤਨ ਕਰਦੀ ਹੈ ਜਿਹੜਾ ਸਮਿਆਂ ਦੇ ਰੋਲ-ਘਚੋਲ ਵਿਚ ਨਿਮੋਝਣਾ ਹੋ ਕੇ ਰਹਿ ਗਿਆ ਹੈ। ਆਪਣੇ ਸਮਕਾਲ ਦੇ ਸਮਿਆਂ ਦੇ ਹਾਦਸਿਆਂ ਦੇ ਹਿੱਸੇ ਬਣ ਕੇ ਪੁਨਰ ਸੁਰਜੀਤ ਕਰਦਾ ਹੋਇਆ ਸੁਰਜੀਤ ਪਾਤਰ ਹਰ ਪਲ ਸਿਸਕਦਾ ਹੈ। 'ਬਿਰਖ਼ ਅਰਜ ਕਰੇ' ਸੁਰਜੀਤ ਪਾਤਰ ਦੀ ਸਿਰਜਣ-ਪ੍ਰਕਿਰਿਆ ਨੂੰ ਪ੍ਰਕਾਸ਼ਮਾਨ ਕਰਨ ਵਾਲਾ ਦੂਜਾ ਕਾਵਿ-ਸੰਗ੍ਰਹਿ ਹੈ। 'ਬਿਰਖ਼ ਅਰਜ਼ ਕਰੇ' ਕਾਵਿ-ਸੰਗ੍ਰਹਿ ਦਾ 1992ਵਿਆਂ ਦੇ ਦੌਰ ਵਿਚ ਪ੍ਰਕਾਸ਼ਿਤ ਹੋਣਾ ਸੁਰਜੀਤ ਪਾਤਰ ਦੀ ਤੜਫ਼ ਦੇ ਆਤਮ-ਸੰਵਾਦ ਦੀ ਪੀੜਾਂ ਦਾ ਡੂੰਘਾ ਵਹਿਣ ਹੈ ਜਿਸ ਨੂੰ ਉਹ ਪੰਜਾਬ ਦੇ ਜੰਗਲਾਂ-ਬੇਲਿਆਂ,ਦਰਿਆਈ ਪਾਣੀਆਂ ਦੇ ਬਦਲਦੇ ਵਹਿਣਾਂ,ਪੰਜਾਬੀਆਂ ਦੇ ਹਿੱਸੇ ਆਏ ਤੇ ਥੋਪੇ ਗਏ ਨਵੇਂ ਬੋਲਾਂ ਦੇ ਦਰਦ ਭਰੇ ਵਹਿਣ

ਵਿਚ ਵਹਿੰਦਾ ਬਿਆਨਦਾ ਹੈ। ਪੰਜਾਬ ਦੇ ਇਸ ਮਾੜੇ ਦੌਰ ਦੇ ਸੰਤਾਪ ਨੂੰ ਪੰਜਾਬ ਦੇ ਇਤਿਹਾਸਕ ਪਿਛੋਕੜ ਦੇ ਹਵਾਲੇ ਨਾਲ ਉਹ ਆਪਣੀਆਂ ਵਿਭਿੰਨ ਕਵਿਤਾਵਾਂ ਤੇ ਗ਼ਜ਼ਲਾਂ ਰਾਹੀਂ ਰੂਪਮਾਨ ਕਰਦਾ ਹੈ। ਇਸ ਕਾਵਿ-ਸੰਗ੍ਰਹਿ ਵਿਚ ਕੁਲ 57 ਨਜ਼ਮਾਂ ਤੇ ਗ਼ਜ਼ਲਾਂ ਹਨ। ਜਿਸ ਵਿਚ 22 ਗ਼ਜ਼ਲਾਂ ਤੇ ਬਾਕੀ ਨਜ਼ਮਾਂ ਹਨ। ਆਪਣੇ ਕਾਵਿ-ਸੰਗ੍ਰਹਿ ਦੀ ਭੂਮਿਕਾ ਵਿਚ ਪਾਤਰ ਖ਼ੁਦ ਕਹਿੰਦਾ ਹੈ ਕਿ ਇਸ ਕਿਤਾਬ ਵਿਚ 'ਹਰੇ ਹਰਫ਼ਾਂ' ਤੋਂ ਲੈ ਕੇ 'ਸੜਦੇ ਜੰਗਲਾਂ' ਅਤੇ ਧਰਤੀ ਹਿਜ਼ਰਤ ਕਰ ਰਹੇ 'ਰੁੱਖਾਂ' ਤਕ ਦੇ ਬਿੰਬ ਹਨ ਤੇ ਇਨ੍ਹਾਂ ਰੁੱਖਾਂ ਉੱਤੇ ਵਰਸਦੀਆਂ ਕਵੀਆਂ ਦੀ ਦੁਆ ਵੀ ਹੈ ਅਤੇ ਕਵਿਤਾ ਨੂੰ ਸੁਣਨ-ਪੜ੍ਹਨ ਲਈ ਮੋਹ-ਭਰੀ ਖ਼ਾਮੋਸ਼ੀ ਦੀ ਤਵੱਜੋਂ ਵੀ।[2]

ਉਸਦੇ ਸਮਕਾਲ ਦੇ ਸੰਤਾਪ ਨਾਲ ਸੰਵਾਦ ਸਿਰਜਦੇ ਤੇ ਧਰਵਾਸ ਦਿੰਦੇ 'ਹਰੇ-ਹਰਫ਼', ਰਾਜਨੀਤਕ, ਸਮਾਜਕ ਵਰਤਾਰਿਆਂ ਦੀ ਹਿੰਸਾ ਵਿਚ ਸੜ੍ਹਕੇ-ਧੁੱਖਦੀ ਲੋਕਾਈ ਨਾਲ ਸੰਵਾਦ ਰਚਾਉਂਦੇ ਹਨ । ਸੁਰਜੀਤ ਪਾਤਰ ਦੀ ਕਵਿਤਾ ਸਮਕਾਲੀ ਦਰਪੇਸ਼ ਸਮਾਜਕ-ਰਾਜਨੀਤਕ ਚੁਣੌਤੀਆਂ ਨਾਲ ਕਦੇ ਨਾ ਮੁੱਕਣ ਵਾਲਾ ਸੰਵਾਦ ਹੈ। ਉਹ ਜੇ ਇਕ ਪਾਸੇ ਸਮਕਾਲੀ ਵਿਵਸਥਾ ਦੇ ਰਾਖਿਆਂ ਅਤੇ ਆਪਣੇ ਸਹਿਕਰਮੀ ਸਾਥੀਆਂ ਦੀ ਚੁੱਪ 'ਤੇ ਸਵਾਲੀਆ ਨਿਸ਼ਾਨ ਲਗਾਉਂਦਾ ਹੈ, ਤਾਂ ਦੂਜੇ ਪਾਸੇ ਆਪਣੇ ਸਮਕਾਲੀ ਕਾਵਿ-ਸ਼ਾਸਤਰ ਨੂੰ ਦਰਪੇਸ਼ ਮਸਲਿਆਂ ਪ੍ਰਤੀ ਵੀ ਘੱਟ ਸਜੱਗ ਨਹੀਂ। ਉਹ ਜੜ੍ਹ ਅਤੇ ਚੇਤਨਤਾ ਦੇ ਬਿੰਬ 'ਬਿਰਖ' ਰੂਪ ਦੇ ਮਾਧਿਅਮ ਰਾਹੀਂ ਸਮਕਾਲੀ ਵਰਤਾਰਿਆਂ ਪ੍ਰਤੀ ਸਮਕਾਲੀ ਮਨੁੱਖ/ਸਮਾਜ/ਕਵੀ ਦੀ 'ਜੜ੍ਹ ਅਵਸਥਾ' ਦਾ ਖ਼ੂਬਸੂਰਤ ਸੰਵਾਦ ਆਪਣੇ ਇਸ ਕਾਵਿ-ਸੰਗ੍ਰਹਿ ਰਾਹੀਂ ਕਰਦਾ ਹੈ। ਇਸੇ ਲਈ ਉਹ ਕਹਿੰਦਾ ਹੈ ਕਿ

ਖੜਕ ਹੋਵੇ ਜੇ ਡਿੱਗੇ ਪੱਤਾ ਵੀ
ਐਸੀ ਚੁਪ ਹੈ ਤਾਂ ਬਿਰਖ਼ ਅਰਜ਼ ਕਰੇ।[3]

ਬਿਰਖ਼ਾਂ ਜਿਹੇ ਜਿਗਰੇ ਵਾਲੇ, ਆਬਾਂ ਤੇ ਜੰਗਲਾਂ ਦੇ ਵਾਸੀਆਂ ਦੇ ਪਿਛਲੀ ਅੱਧੀ ਸਦੀ (1947-1992) ਦੇ ਪੰਜ ਦਹਾਕਿਆਂ ਦੇ ਇਤਿਹਾਸਕ ਵਿਕਾਸ ਤੇ ਸੰਤਾਪ ਦੀ ਗਵਾਹੀ ਬਣਦਾ ਕਵੀ ਆਪਣੇ ਸੰਗ੍ਰਹਿ ਵਿਚ ਇੱਕਤਰ ਵਧੇਰੇ ਕਵਿਤਾਵਾਂ ਨੂੰ ਬਿਆਨਦਾ ਪੰਜਾਬ ਸੰਤਾਪ ਦੇ ਵੱਖਰੇ-ਵੱਖਰੇ ਸਮਿਆਂ (1947-1966-1984-1992) ਨੂੰ ਇਕੋ ਦ੍ਰਿਸ਼ਟੀ ਨਾਲ ਬਿਆਨਦਾ ਤੇ ਮਹਿਸੂਸਦਾ ਹੈ। 'ਬਿਰਖ਼ ਅਰਜ਼ ਕਰੇ' ਵਿਚ ਦਰਜ ਪਾਤਰ ਦੀ ਕਵਿਤਾ ਵਿਚਲੇ ਸੰਤਾਪ-ਸੰਵਾਦ ਨੂੰ ਪੰਜਾਬ-ਸੰਤਾਪ, ਪਰਵਾਸ-ਸੰਤਾਪ, ਸ਼ਾਇਰ-ਸੰਤਾਪ,

ਰੂਹਾਨੀਅਤ-ਸੰਵਾਦ, ਪੰਜਾਬੀਅਤ ਦੀ ਸਾਂਝ ਦਾ ਸੰਤਾਪ, ਇਨਕਲਾਬੀ ਜਜ਼ਬੇ ਨਾਲ ਸੰਵਾਦ ਅਤੇ ਸ਼ਹਿਰੀ ਸਭਿਅਤਾ ਦਾ ਸੰਤਾਪ ਜਿਹੇ ਮਸਲਿਆਂ ਨਾਲ ਸੰਵਾਦ ਦੇ ਰੂਪ ਵਿਚ ਪੜ੍ਹਿਆ-ਸਿਰਜਿਆ ਹੈ। ਪੰਜਾਬ ਦੇ ਇਨ੍ਹਾਂ ਗੰਭੀਰ ਮਸਲਿਆਂ ਤੇ ਹਰੇਕ ਪੰਜਾਬੀ ਦੇ ਮਨ ਦੀ ਗਹਿਰਾਈ ਨੂੰ ਮਾਪਦਾ-ਜੂਝਦਾ ਪਾਤਰ, ਇਨ੍ਹਾਂ ਮਸਲਿਆਂ ਨਾਲ ਜੁੜੀ ਕਵਿਤਾ ਰਾਹੀਂ ਦੇਖਿਆ ਜਾ ਸਕਦਾ ਹੈ। **ਇਸ ਸੰਗ੍ਰਹਿ ਵਿਚ ਸ਼ੁਮਾਰ ਵਧੇਰੇ ਕਵਿਤਾ ਪੰਜਾਬ ਦੀ ਹੋਂਦ ਦੀ ਲੜਾਈ ਲੜਦੀ ਹੋਈ ਸਿਸਕਦੀ ਤੇ ਸਮਕਾਲ ਨਾਲ ਸੰਵਾਦ ਰਚਾਉਂਦੀ ਹੈ:-**

ਮੇਰੀ ਹਰ ਸਾਖ਼ ਵਿਚ, ਕੋਈ ਦਸਤਾਰ ਰਤ ਲਿਬੜੀ, ਡੂੰਘੇ ਵੈਣਾਂ ਦਾ ਕੀ ਮਿਣਨਾ, ਧੁਖ਼ਦਾ ਜੰਗਲ, ਕਵੀ ਸਾਹਿਬ, ਨਜ਼ਰ, ਵਹਿੰਗੀ, ਇਕ ਪਸ਼ੂ-ਕਥਾ, ਪਿਆਰਾ, ਚਾਂਦਨੀ ਚੌਂਕ, ਇਕ ਦਰਿਆ, ਫੁਲ ਮਸਲਾਂ ਜਾਂ...., ਕਦੋਂ ਗੁਲਾਬ ਖਿੜੇਗਾ, ਨਦੀਆਂ ਨੂੰ ਖ਼ਤ ਲਿਖੇ, ਹੁਣ ਵਕਤ.. , ਰਾਤ... , ਪੱਛੋ ਤੇ ਪੁਰਵਾਈਆਂ, ਮੇਰੇ ਸੀਨੇ ਵਿਚ ਕੌਣ ਰੋਂਦਾ ਹੈ, ਜਿੰਨਾ ਚਿਰ ਜਖ਼ਮੀ ਨਾ ਹੋਵਾ, ਇਕ ਪਾਵਨ ਪੁਸਤਕ ਸੜ੍ਹਦੀ ਹੈ, ਔੜ, ਸਬਦੋ' ਇਹ ਸਾਰੀਆਂ ਕਵਿਤਾਵਾਂ/ਗ਼ਜ਼ਲਾਂ ਪੰਜਾਬ ਸੰਤਾਪ ਦੇ ਦਰਦ ਦੀ ਪੀੜਾਂ ਨੰ ਉਂਚੇ-ਉੱਚੇ ਹਟਕੋਰੇ ਤੇ ਉਭੇ ਸਾਹ ਲੈਂਦੀਆਂ ਵੈਣਾਂ-ਵਿਰਲਾਪਾਂ ਰਾਹੀਂ ਦਰਦ-ਭਰੀਆਂ ਸਿਸਕੀਆਂ ਭਰਦੀਆਂ ਹਨ। ਇਹ 22 ਕਵਿਤਾਵਾਂ/ਗ਼ਜ਼ਲਾਂ ਪਾਤਰ ਦੀ ਪਾਤਰੀ-ਸੰਵਾਦ ਦੇ ਸਵੈ-ਸੰਤਾਪ ਦੀ ਹੋਂਦਕ ਸਾਂਝ ਨੂੰ ਪ੍ਰਸਤੁਤ ਕਰਦੀਆਂ ਹਨ। ਪ੍ਰਿੰ. ਅਮਰਜੀਤ ਅਨੁਸਾਰ ਉਸਦੀ ਪੁਸਤਕ 'ਬਿਰਖ਼ ਅਰਜ਼ ਕਰੇ' ਨੂੰ ਹਿੰਦ-ਪੰਜਾਬ ਦੀ ਦੂਜੀ ਜੰਗ ਦੇ ਜੰਗਨਾਮੇ ਵਜੋਂ ਵੀ ਪੜ੍ਹਿਆ ਜਾ ਸਕਦਾ ਹੈ।[4] ਉਹ ਇਸ ਕਿਤਾਬ ਵਿਚਲੀਆਂ ਕਵਿਤਾਵਾਂ ਨੂੰ ਤਤਕਾਲੀਨ ਇਤਿਹਾਸਕ ਅਨੁਭਾਵ ਨਾਲ ਸੰਬੰਧਤ ਹੋਣ ਦੇ ਬਾਵਜੂਦ ਇਤਿਹਾਸਕਾਰੀ ਨਹੀਂ ਮੰਨਦਾ, ਕਿਉਂਕਿ ਇਸ ਵਿਚ ਘਟਨਾਵਾਂ ਦਾ ਲੜੀਵਾਰ, ਸਿੱਧਾ ਅਤੇ ਸਪਾਟ ਵੇਰਵਾ ਨਹੀਂ ਮਿਲਦਾ, ਸਗੋਂ ਕਵੀ ਸਮਿਆਂ ਦੇ ਇਤਿਹਾਸ ਦੀ ਇਕੋ ਸਮੇਂ ਇਕਾਲਕ ਅਤੇ ਸਰਬ-ਕਾਲਕ ਪਰਿਪੇਖ ਵਿਚ ਨਾਮਾ-ਨਿਗਾਰੀ ਕਰਦਾ ਹੈ। ਲੇਖਕ ਦਾ ਮਤ ਹੈ ਕਿ ਮਹਾਨ ਧਰਮ, ਕਲਾ ਅਤੇ ਦਰਸ਼ਨ ਵਿਚ ਅਨੁਭਵ ਆਪਣੀ ਖ਼ੁਦਮੁਖ਼ਤਾਰ, ਚੇਤਨ ਰੂਹਾਨੀ ਹੋਂਦ ਨੂੰ ਪ੍ਰਾਪਤ ਕਰਦਾ ਹੈ। ਇਹ ਅਨੁਭਵ ਦੀ ਸਭ ਤੋਂ ਉਚੇਰੀ ਅਤੇ ਆਖ਼ਰੀ ਅਵਸਥਾ ਹੁੰਦੀ ਹੈ। ਇਤਿਹਾਸ ਇਸ ਅਵਸਥਾ ਤੀਕ ਪਹੁੰਚਣ ਦੇ ਪ੍ਰਯਤਨਾਂ ਦੀ ਕਹਾਣੀ ਹੈ ਅਤੇ ਕਲਾ ਇਕ ਪ੍ਰਯਤਨ। ਪਾਤਰ ਨੇ ਤ੍ਰਾਸਦੀ ਹੰਢਾਉਂਦਿਆਂ ਉਸ ਦਾ ਕੇਵਲ ਬਿਆਨ ਹੀ ਨਹੀਂ ਕੀਤਾ, ਸਗੋਂ ਤਤਕਾਲੀਨ ਹਾਦਸਿਆਂ ਤੋਂ ਪਾਰ ਤਕ ਦੇਖਣ ਦੀ ਸ਼ਕਤੀ ਦਾ ਪ੍ਰਮਾਣ ਵੀ ਪੇਸ਼ ਕੀਤਾ ਹੈ।

ਡਾ. ਮੋਹਨਜੀਤ ਨੇ 'ਪਾਤਰ-ਕਾਵਿ ਦਾ ਪ੍ਰਗੀਤ ਸ਼ਾਸਤਰ' ਨਾਮੀ ਲੇਖ ਵਿਚ ਲਿਖਿਆ ਹੈ ਕਿ ਪਾਤਰ ਕਾਵਿ ਵਿਚ ਬਿਰਖੀ ਮਾਨਵੀਕਰਣ ਦੀ ਪੇਸ਼ਕਾਰੀ ਪੰਜਾਬ ਦੀ ਸਥਿਤੀ ਨਾਲ ਸੰਬੰਧਿਤ ਹੈ। 'ਧੁਖਦਾ ਜੰਗਲ' ਇਕ ਅਜਿਹੀ ਪਹਿਚਾਣ ਹੈ ਜੋ ਵਕਤ ਦੀ ਹਕੂਮਤ ਨਾਲ ਵਿਰੋਧ ਵਾਲੇ ਰਿਸ਼ਤੇ ਵਿਚ ਖੜੀ ਹੈ। ਇਸ ਕਵਿਤਾ ਦੀ ਪ੍ਰਗੀਤਕ ਚੇਤਨਾ ਇਤਿਹਾਸਕ ਲੇਖ ਵਰਗੀ ਹੈ ਅਤੇ ਘਟਨਾਵੀਂ ਬਿਆਨ ਤੱਥ-ਮੂਲਕ ਹੈ।[5] **ਪ੍ਰਿੰ. ਅਮਰਜੀਤ ਸਿੰਘ** ਪਰਾਗ ਨੇ ਆਪਣੇ ਲੇਖ 'ਚੰਨ ਸੂਰਜ ਦੀ ਵਹਿੰਗੀ' ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਜਦੋਂ ਪਾਤਰ ਇਹ ਲਿਖਦਾ ਹੈ:-

ਮੇਰੀ ਕਵਿਤਾ ਮੇਰੇ ਮਨ ਦੇ ਹਰ ਮੌਸਮ ਦੀ ਵਿਥਿਆ ਹੈ।
ਬਹੁਤਾ ਮੇਰਾ ਥੋੜਾ ਥੋੜਾ ਸਮਿਆਂ ਦਾ ਇਤਿਹਾਸ ਵੀ ਹੈ।[6]

ਪੰਜਾਬ-ਉਜਾੜੇ ਦੀਆਂ ਸਿਸਕੀਆਂ ਦੇ ਨਾਲ-ਨਾਲ ਸੁਰਜੀਤ ਪਾਤਰ ਪੰਜਾਬ-ਉਜਾੜੇ ਦੀ/ਲਈ ਪੈਦਾ ਨਵੀਨ ਪਰਿਸਥਿਤੀਆਂ ਜਿਹਨਾਂ ਵਿਚ ਪਰਵਾਸ ਧਾਰਨ ਕਰਨ ਦੇ ਸੰਤਾਪਕ ਬਿਰਤਾਂਤ (ਇਕ ਲਫ਼ਜ ਵਿਦਾ ਲਿਖਣਾ.., ਜਿੰਦੇ ਨੀ.., ਸੁੰਨੇ ਸੁੰਨੇ ਰਾਹਾਂ ਵਿਚ), ਸ਼ਾਇਰ-ਸੰਤਾਪ (ਫ਼ਾਸਿਲ, ਸ਼ੀਸ਼ੇ, ਮੇਰੇ ਮਨ ਵਿਚ, ਇਕ ਦਰਿਆ), ਪੰਜਾਬੀਅਤ ਦੀ ਸ਼ਾਂਝ ਲਈ ਸੰਵਾਦ (ਇਹ ਨੇ ਸਾਜ਼ , ਡੋਲੀ), ਸ਼ਹਿਰੀ ਸਭਿਅਤਾ ਦੇ ਗਹਿਰੇ ਪ੍ਰਭਾਵ ਨਾਲ ਸੰਵਾਦ (ਅੱਜ ਫ਼ਿਰ ਉਦਾਸ ਹੈ ਆਤਮਾ ਰਾਮ), ਪੰਜਾਬੀਪੁਣੇ ਦੇ ਖਾੜਕੂ/ਇਨਕਲਾਬੀ ਸੁਭਾਅ (ਮੈਂ ਤੇਰੇ ਦਰਦ ਨੂੰ, ਉਮਰ ਦੇ ਸੁੰਨੇ ਹੋਣਗੇ ਰਸਤੇ, ਮੇਰੀ ਆਵਾਜ਼ ਦੀ ਆਵਾਰਗੀ ਨੂੰ, ਪੰਛੀਆਂ ਨੂੰ, ਟੁੱਟੀਆਂ ਕਲ੍ਹੀਆਂ ਦਾ ਗੀਤ, ਖ਼ੁਦਕੁਸ਼ੀ, ਹਰਫ਼ਾਂ ਦੀ ਡਾਰ ਹਾਂ, ਵਾ ਦੇ ਬੁੱਲ੍ਹੇ) ਅਤੇ ਰੂਹਾਨੀਅਤ ਨਾਲ ਸੰਵਾਦ( ਬੰਸਰੀ ਬਿਰਤਾਂਤ, ਰਬਾਬ ਹੋਵੇ) ਸਿਰਜਦੀ ਹੋਈ ਬੰਸਰੀ ਤੇ ਰਬਾਬ ਦੀ ਸਾਂਝ ਨੂੰ ਬਿਆਨਣ ਦਾ ਯਤਨ ਵੀ ਕਰਦੀ ਹੈ। 'ਬਿਰਖਾਂ ਦੀ ਅਰਜ਼' ਪਾਤਰ ਦੀ ਸਵੈ-ਪੜਚੋਲ ਨਾਲ ਸੰਵਾਦ ਸਿਰਜਦੀ ਸਵੈ-ਮੂਲਕ ਬਿਰਤਾਂਤਕਾਰੀ ਦਾ ਅਜਿਹਾ ਢੰਗ ਹੈ ਜਿਹੜਾ ਪੰਜਾਬ ਦੀ ਸਮੂਹਕਤਾ ਦੀ ਸਿਰਫ਼ ਤ੍ਰਾਸਿਦਕਤਾ ਦਾ ਬਿਆਨ ਨਹੀਂ,ਸਗੋਂ ਸਮਕਾਲ ਦੇ ਮਾੜੇ ਸਮਿਆਂ ਦੇ ਡੂੰਘੇ ਵੈਣ ਪਾਉਂਦਾ ਵਿਰਲਾਪ ਹੈ । ਆਪਣੀ ਕਵਿਤਾ ਵਿਚ ਸੁਰਜੀਤ ਪਾਤਰ ਲਈ ਦੋਵਾਂ ਪੰਜਾਬਾਂ ਤੇ ਪੰਜਾਬੀਆਂ (ਪੂਰਬੀ ਤੇ ਪੱਛਮੀ) ਦਾ ਵਿਰਲਾਪ ਕੰਨੀਂ ਸੁਣਾਈ ਦਿੰਦਾ ਹੈ। ਰਾਜਸੀ ਨੀਤੀਆਂ ਤੇ ਨੀਤੀਵਾਨਾਂ ਦੀ ਨੀਅਤ ਦੀ ਸਮਝ ਤੋਂ ਅਸਮਰਥ ਪੰਜਾਬੀ ਲਈ ਆਪਣਾ-ਆਪਾ ਹੀ ਦੁਸ਼ਮਣ ਬਣ ਜਾਂਦਾ ਹੈ। ਇਹ ਰਾਜਨੀਤਕ ਹੱਦਬੰਦੀਆਂ ਕੁਦਰਤ ਨੂੰ ਵੀ ਆਪਣੀ ਹੱਦਬੰਦੀ ਨਾਲ ਤੋੜਨ ਦਾ ਯਤਨ ਕਰਦੀਆਂ ਹਨ:-

ਪੂਰਾ ਪੱਛੋਂ ਦੇ ਗਲ ਲਗ ਕੇ ਜਦੋਂ ਵਿਰਲਾਪ ਕਰਦਾ ਹ
ਤਾਂ ਸੀਮਾ 'ਤੇ ਖੜ੍ਹਾ ਸੈਨਿਕ
ਜਾਂ ਸਰਹੱਦ 'ਤੇ ਖੜ੍ਹਾ ਫ਼ੌਜੀ
ਹਵਾ ਵਿਚ ਫ਼ਾਇਰ ਕਰਦਾ ਹੈ
ਤਾਂ ਬਿਰਖ਼ਾਂ ਤੋਂ ਤ੍ਰਭਕ ਪੰਛੀ
ਅਰਸ਼ ਵਿਚ ਸ਼ਾਨ ਲੱਭਦੇ ਨੇ
ਹਵਾ ਰੁੱਖਾਂ ਦੇ ਅੱਥਰੂ ਪੂੰਝਦੀ ਹੈ, ਸਿਸਕਦੀ ਹੈ।[7]

ਪਾਤਰ ਦਾ ਅੰਤਰੀਵ ਤੇ ਬਹਿਰੀਨ ਇਕੋ-ਜਿਹਾ ਹੈ। ਆਪਣੇ ਸਮਕਾਲ ਦੇ ਹਾਸਿਆਂ ਦੇ ਹਾਦਸਿਆਂ ਵਿਚ ਰੂਪਾਂਤਰਿਤ ਹੋਣ ਦੀ ਗਵਾਹੀ ਬਣਦਾ ਹੈ ਅਤੇ ਝੂਠੇ ਮੁਕਾਬਲਿਆਂ ਦਾ ਸ਼ਿਕਾਰ ਲਗਰਾਂ ਜਿਹੇ ਮਾਸੂਮ ਮੁੰਡਿਆਂ ਨੂੰ ਪਿਆਰੇ ਬਣਾ ਕੇ ਚਿਹਨਤ ਕਰਦਾ ਹੈ। ਉਹ 'ਇਕ ਪਿਆਰੇ' ਦੇ ਰੂਪ ਵਿਚ ਅਜਿਹੇ ਹਾਦਸਿਆਂ ਦਾ ਸ਼ਿਕਾਰ ਹੋ ਚੁੱਕੇ ਪਿਆਰਿਆਂ ਦੀ ਕਸਕ ਭਰਦਾ ਹੈ ਜਿਹਨਾਂ ਅਜੇ ਗਿਆਨ ਦੇ ਦੀਵੇ ਬਣ ਕੇ ਪ੍ਰਕਾਸ਼ਮਾਨ ਹੋਣਾ ਸੀ, ਪਰ ਸਮੇਂ ਦੀ ਕਾਲੀਆਂ ਹਨੇਰੀਆਂ ਦੀ ਹਨੇਰਗਰਦੀ ਤੋਂ ਉਹ ਬਚ ਨਹੀਂ ਪਾਏ:-

ਉਨ੍ਹਾਂ ਲਗਰਾਂ ਜਿਹੇ ਮੁੰਡਿਆਂ 'ਚੋਂ
ਇਕ ਦਾ ਨਾਮ ਪਿਆਰਾ ਸੀ...
ਤੇ ਫਿਰ ਸੁਣਿਆ
ਮੈਂ ਇਕ ਦਿਨ ਕੁਝ ਚਿਰਾਂ ਮਗਰੋਂ
ਕਿ ਪਿਆਰੇ ਨੂੰ ਕਿਸੇ ਨੇ ਮਾਰ ਦਿੱਤਾ ਹੈ..
ਕੋਈ ਖ਼ੂੰਖਾਰ ਬਦਲੇਖ਼ੋਰ ਹੋਵੇਗਾ
ਕੋਈ ਡਾਕੂ ਜਾਂ ਕੋਈ ਚੋਰ ਹੋਵੇਗਾ।[8]

1947 ਉਪਰੰਤ ਹਾਕਮਰਾਨ ਜਮਾਤ ਵੱਲੋਂ ਫ਼ਿਰਕੂ ਮਤਭੇਦ ਪੈਦਾ ਕਰਕੇ ਇਸ ਖਿੱਤੇ ਵਿਚ ਵੱਸਦੀ ਲੋਕਾਈ ਅੰਦਰ ਆਪਣੀ ਹੀ ਮਾਤ-ਭਾਸ਼ਾ ਪ੍ਰਤੀ ਰੋਸ ਦੀ ਭਾਵਨਾ ਭਰੀ ਗਈ ਜਿਸ ਦੇ ਆਧਾਰ 'ਤੇ ਪੰਜਾਬ ਦੀ ਭੂਗੋਲਿਕ-ਸੱਭਿਆਚਾਰਕ ਸਾਂਝ ਨੂੰ ਅੱਖੋਂ-ਪਰੋਖੇ ਕਰਦੇ ਹੋਏ ਪੰਜਾਬ ਦੀ ਲਿਪੀ ਦੇ ਆਧਾਰ 'ਤੇ ਵੰਡ ਕੀਤੀ ਗਈ। ਇਸ ਸਿਆਸੀ ਤੰਤਰ ਦੁਆਰਾ ਇਸ ਵਰਤਾਰੇ ਨੂੰ 'ਭਾਸ਼ਾਈ-ਵੰਡ' ਕਹਿ ਕੇ ਪ੍ਰਚਾਰਿਆ ਗਿਆ ਜੋ ਅਸਲ ਵਿਚ ਲਿਪੀ-ਆਧਾਰਿਤ ਵੰਡ ਸੀ।ਹਰਿਆਣਾ-ਹਿਮਾਚਲ ਦੇ ਅੱਜ ਵੀ ਵਧੇਰੇ ਇਲਾਕਿਆਂ ਦੇ ਲਹਿਜੇ ਦੀ

ਸੱਭਿਆਚਾਰਕ ਪਿੱਠਭੂਮੀ ਅੰਦਰ ਪੰਜਾਬ ਦੇ ਪਿਛਕੋੜ ਦੀ ਰੰਗਤ ਦੇਖੀ ਜਾ ਸਕਦੀ ਹੈ। ਲਿਪੀ ਆਧਾਰਿਤ ਵੰਡ ਨੂੰ ਭਾਸ਼ਾਈ ਵੰਡ ਬਣਾਉਣ ਦਾ ਸੱਚ ਸ਼ਾਇਰ ਅੰਦਰ ਸੱਤਾਧਾਰੀ ਧਿਰ ਦੀ ਪੰਜਾਬ ਪ੍ਰਤੀ ਰੱਖੀ ਜਾ ਰਹੀ ਮਾੜੀ ਨਜ਼ਰ ਨੂੰ ਪ੍ਰਤੀਬਿੰਬਤ ਕਰਦਾ ਹੈ । ਇਹ ਸਿਆਸੀ ਚਾਲ ਦਾ ਸੱਚ ਸ਼ਾਇਰ ਨੂੰ ਅੰਦਰੋਂ-ਅੰਦਰੀਂ ਝੰਜੋੜਦਾ ਹੈ। ਇਸ ਸੱਚ ਦੇ ਪਿਛਲੇ ਬਿਰਤਾਂਤ ਸਿਰਜਣ ਲਈ 1951 ਤੇ 1961 ਦੀ ਮਰਦਮਸ਼ੁਮਾਰੀ ਦੌਰਾਨ ਬਹੁਗਿਣਤੀ ਪੰਜਾਬੀ ਆਪਣੀ ਮਾਂ-ਬੋਲੀ ਪੰਜਾਬੀ ਦਾ ਥਾਂ ਹਿੰਦੀ ਲਿਖਵਾਉਂਦੇ ਹਨ ਤਾਂ ਕਵੀ ਦਾ ਪੰਜਾਬੀਪੁਣਾ ਤੇ ਪੰਜਾਬੀ-ਪਿਆਰ ਲਈ ਆਪਣੀ ਮਾਤ-ਭੂਮੀ ਦੀ 'ਨਜ਼ਰ' ਉਤਾਰਨ ਤੱਕ ਨਿਕਲ ਜਾਂਦਾ ਹੈ:

ਲੱਗੀ ਨਜ਼ਰ ਪੰਜਾਬ ਨੂੰ,
ਏਦੀ ਨਜ਼ਰ ਉਤਾਰੋ।
ਲੈ ਕੇ ਮਿਰਚਾਂ ਕੌੜੀਆਂ
ਏਦੇ ਸਿਰ ਤੋਂ ਵਾਰੋ।...
ਪਹਿਲੀ ਭਰਵੀ ਫ਼ਸਲ,
ਇਨ੍ਹਾਂ ਦੀ ਓਦੋਂ ਸੀ ਲੱਗੀ,
ਜਦ ਆਪੇ ਪੰਜਾਬੀਆਂ
ਪੰਜਾਬੀ ਛੱਡੀ।[9]

ਆਪਣੇ ਪੁੱਤਾਂ-ਧੀਆਂ ਦੁਆਰਾ ਆਪਣੀ ਮਾਂ ਨੂੰ 'ਬਿਰਧ ਘਰਾਂ' ਵਿਚ ਛੱਡਣਾ ਵਰਗੇ ਅਹਿਸਾਸਾਂ ਨੂੰ ਸੁਰਜੀਤ ਪਾਤਰ ਆਪਣੀ ਨਜ਼ਮਾਂ ਰਾਹੀਂ ਬਾਖ਼ੂਬੀ ਬਿਆਨ ਕਰਦਾ ਹੈ। ਪਾਤਰ ਦਾ ਪੰਜਾਬ-ਪਿਆਰ, ਉਸਦੀਆਂ ਇਨ੍ਹਾਂ ਸਮੁੱਚੀਆਂ ਰਚਨਾਵਾਂ ਵਿਚ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਉਹ ਆਪਣੀ ਅਤੇ ਆਪਣੇ ਸ਼ਾਇਰ ਕਬੀਲੇ ਦੀ ਬੇਵਸੀ ਨੂੰ ਵਾਰ-ਵਾਰ ਪ੍ਰਸਤੁਤ ਕਰਦਾ ਹੈ। ਪਾਤਰ ਸਾਂਝੇ ਪੰਜਾਬ ਤੇ ਪੰਜਾਬੀਅਤ ਦਾ ਪਾਤਰ ਹੈ। ਉਹ ਪੰਜਾਬ-ਵੰਡ ਅਤੇ ਉਸ ਤੋਂ ਉਪਰੰਤ ਹਰੇਕ ਉਜਾੜੇ ਦੀ ਘਟਨਾ ਨੂੰ ਦਿਨੋ-ਦਿਨੋ ਘੱਟ ਰਹੇ ਤੇ ਟੁੱਟ ਰਹੇ ਪੰਜਾਬ ਨੂੰ, ਇਸ ਖ਼ਿੱਤੇ ਦੀ ਖ਼ੁਦਕੁਸ਼ੀ ਰਾਹੀਂ ਬਿਆਨਦਾ ਹੈ:-

ਮੇਰੇ ਪੰਜਾਬ ਨੇ ਤਾਂ ਬਹੁਤ ਚਿਰ ਹੋਇਆ
ਖ਼ੁਦਕੁਸ਼ੀ ਕਰ ਲਈ ਸੀ।......[10]

ਉਸ ਦਾ ਅੰਦਰਲਾ ਉਸ ਪੂਰੇ ਪੰਜਾਬ ਦੀ ਭਰਪੂਰਤਾ ਨੂੰ ਖੋਜਦਾ ਹੈ ਜਿਸ ਨੂੰ ਵੱਢ-ਟੁੱਕ ਕੇ, ਵਿਭਾਜਤ ਕਰਨ ਦੀ ਸਮੇਂ-ਸਮੇਂ ਕੋਸ਼ਿਸ਼ ਕੀਤੀ ਗਈ। ਇਸ ਸਮੇਂ ਪੰਜਾਬ ਦੀ ਆਬੋ-ਹਵਾ, ਦਰਿਆਵਾਂ ਦੇ ਪਾਣੀਆਂ ਦੇ ਰੰਗ ਸਭ ਹਾਕਮਰਾਨ ਜਮਾਤ ਦੀ ਬੋਲੀ ਬੋਲਦੇ ਨਜ਼ਰ ਆਉਂਦੇ ਹਨ। ਕੁਦਰਤੀ ਵਰਤਾਰੇ ਸਿਆਸਤੀ ਨਹੀਂ ਹੁੰਦੇ , ਪਰ ਸਿਆਸੀ ਹਵਾਵਾਂ ਦੀ ਸਿਆਸਤ ਤੇ ਕਾਨੂੰਨ ਇਨ੍ਹਾਂ ਵਰਤਾਰਿਆਂ ਦੀ ਆਬੋ-ਹਵਾ ਵੀ ਬਦਲ ਦਿੰਦੇ ਹਨ । ਸ਼ਾਇਰ 'ਸਦੀਆਂ ਦੀ ਅਣਕਹੀ' ਰਾਹੀਂ ਪੰਜਾਬ ਦੇ ਦਰਿਆਵਾਂ ਦੇ ਬਦਲਦੇ ਰੰਗ ਤੇ ਨੁਹਾਰ ਨੂੰ ਕਹਿਣ ਦੀ ਕੋਸ਼ਿਸ਼ ਕਰਦਾ ਰੋਂਦਾ ਹੈ:-

ਰਾਤ ਦੇ ਹਨ੍ਹੇਰੇ ਵਿਚ
ਬੁੱਢਾ ਦਰਿਆ ਸਤਲੁਜ,
ਲਾਸ਼ਾਂ ਪਿਆ ਢੋਂਦਾ ਹੈ।
ਏਸ ਉਮਰੇ ਹਾਕਮ ਦੀ
ਕਿਹੋ ਜਿਹੀ ਨੌਕਰੀ ਕਰਦਾ ਹੈ।
ਜਾਂ ਸਿਰਫ਼ ਵਗਾਰੀ ਹੈ।....[11]

ਪੰਜਾਬ ਦੇ ਪਾਣੀਆਂ ਦੀਆਂ ਸਿਸਕੀਆਂ ਭਰਦਾ-ਭਰਦਾ ਸੁਰਜੀਤ ਪੰਜਾਬ ਦੀ ਬਾਣੀ /ਬੋਲੀ ਦੀ ਬਦਤਰ ਹੋ ਰਹੀ ਹਾਲਤ ਲਈ ਸਿਸਕਦਾ ਹੈ। ਉਹ ਪੰਜਾਬੀ ਦੀ ਦੇਸੀ/ਠੇਠ ਸ਼ਬਦਾਵਲੀ ਤੋਂ ਨਿਰਮੋਹੇ ਹੋ ਕੇ ਅਖੌਤੀ ਹਾਕਮਰਾਨ ਜਮਾਤ ਦੀ ਬੋਲੀ ਬੋਲਦੀ ਲੋਕਾਈ 'ਤੇ ਖਿੱਝਦਾ ਵੀ ਹੈ ਤੇ ਝੂਰਦਾ ਵੀ। ਉਸ ਨੂੰ 'ਆਪਾਂ' ਦੇ ਆਪਣੇਪਨ ਲਈ 'ਹਮ ਤੁਮ' ਦੀ ਦਵੈਤ ਪਸੰਦ ਨਹੀਂ:-

ਸਾਡਾ ਰਿਸ਼ਤਾ ਅਸੀਂ ਤੇ ਆਪਾਂ ਦਾ,
ਕਿਥੋਂ ਤੂੰ ਸਿੱਖ ਗਿਆ ਏ ਇਹ ਹਮ ਤੁਮ।[12]

ਉਸਦੀਆਂ ਇਹ ਸਿਸਕੀਆਂ ਜਦ ਅੰਦਰਲੇ ਨਾਲ ਸੰਵਾਦ ਰਚਾਉਂਦੀਆਂ ਹਨ ਤਾਂ ਪੰਜਾਬ ਸੰਤਾਪ ਦੇ ਮਾੜੇ ਦੌਰ ਦੌਰਾਨ ਪੰਜਾਬ ਦੀ ਨੌਜਵਾਨੀ ਦੀ ਖੇਡੀ ਗਈ ਖ਼ੂਨੀ ਖੇਡ ਦਾ ਯਥਾਰਥ ਤੇ ਤ੍ਰਾਸਦਿਕ ਵੇਰਵਾ ਉਸ ਦੇ ਅੰਦਰਲੇ ਨੂੰ ਪੂਰੀ ਤਰ੍ਹਾਂ ਦਰਦ ਤੇ ਪੀੜਾ ਨਾਲ ਭਰ ਦਿੰਦਾ ਹੈ। ਸਰਕਾਰ ਦੇ ਝੂਠੇ ਮੁਕਾਬਲਿਆਂ ਵਿਚ ਮਾਰੇ ਨੌਜਵਾਨਾਂ ਦਾ ਸੱਚ ਛੁਪਾਉਣ ਤੋਂ ਉਹ ਝਕਦਾ ਨਹੀਂ। ਜਦ ਉਹ ਇਹ ਕਹਿੰਦਾ ਹੈ ਕਿ:-

ਮੇਰੇ ਸੀਨੇ ਕੌਣ ਰੋਂਦਾ ਹੈ?

ਜਾਂ ਇਹ ਮਾਵਾਂ ਦੇ ਲਾਲ ਜਿਹਨਾਂ ਦੇ
ਰਾਤ ਹੋਈ ਘਰਾਂ ਨੂੰ ਨਾ ਪਰਤੇ
ਜੀਣ ਜੋਗੇ ਗਏ, ਮੁੜੇ ਮੋਏ
ਹੋਣਾ ਵਾਰਿਸ ਸੀ, ਪਰ ਪਿਤਰ ਹੋਏ।[13]

ਸ਼ਾਇਰ ਦਾ ਬਿਰਖ਼ੀ ਹੋਂਦ ਦਾ ਅਹਿਸਾਸ ,ਪੰਜਾਬ ਦੀ ਉਪਰੋਕਤ ਹਾਲਾਤ ਦਾ ਗ਼ਵਾਹ ਹੈ ਜਿਹੜਾ ਦੇਖ ਸਕਦਾ ਹੈ, ਸੁਣ ਸਕਦਾ ਹੈ, ਮਾੜੀਆਂ ਪਰਿਸਥਿਤੀਆਂ ਨੂੰ ਝੱਲ ਸਕਦਾ ਹੈ, ਆਪਣੀਆਂ ਟਹਿਣੀਆਂ-ਟਾਹਣਿਆਂ ਨੂੰ ਛੰਗਵਾਂ ਸੰਘਣਾ ਹੋ ਸਕਦਾ ਹੈ ਪਰ ਆਪਣੇ ਖ਼ਾਬਾਂ-ਸੁਪਨਿਆਂ ਵਿਚ ਵੱਸਦੇ,ਪੰਜਾਬ ਦੀ ਸੰਘਣੇ ਜੰਗਲਾਂ-ਬੇਲਿਆਂ-ਬਾਗਾਂ ਦੇ ਆਪਣੇ ਹੋਣ ਦੀ ਗ਼ਵਾਹੀ ਨੂੰ ਆਪਣੇ ਸ਼ਬਦਾਂ ਨਾਲ ਪ੍ਰਗਟ ਕਰਨ ਤੋਂ ਅਸਮਰੱਥ ਹੈ। ਆਪਣੇ ਖ਼ਾਬਾਂ ਵਿਚ ਵੱਸਦੇ ਸਾਂਝੇ, ਪੂਰੇ ਤੇ ਖ਼ੁਸ਼ਹਾਲ ਪੰਜਾਬ ਵਿਚ ਉਹ ਬੰਸਰੀ ਤੇ ਰਬਾਬ ਦੀ ਧੁਨ ਦੇ ਸੁਰ ਤੇ ਸਾਜ਼ ਨੂੰ ਸੁਣਨਾ ਲੋਚਦਾ ਹੈ,ਪਰ ਉਹ ਬੇਵੱਸ ਹੈ। ਪਲ-ਪਲ ਸਿਸਕਦਾ ਹੈ...

ਮੇਰੇ 'ਤੇ ਡਿਗਿਆ ਏ ਮੇਰੇ ਹੀ ਖ਼ਾਬ ਦਾ ਮਲਬਾ
ਸਿਸਕ ਰਿਹਾ ਹਾਂ ਮੈਂ ਹੇਠੋਂ ਨਿਕਾਲਣਾ ਸ਼ਬਦੋ।[14]

## ਹਵਾਲੇ ਤੇ ਪੁਸਤਕ ਸੂਚੀ:


1. ਸੁਰਜੀਤ ਪਾਤਰ,ਬਿਰਖ ਅਰਜ਼ ਕਰੇ, ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਿ.,ਚੰਡੀਗੜ੍ਹ,2016,ਪੰਨਾ 99.( 12ਵੀਂ ਵਾਰ)।
2. ਉਹੀ ,ਪੰਨਾ 9.
3. ਉਹੀ
4. ਪ੍ਰਭਜੀਤ ਕੌਰ ਗਿੱਲ(ਡਾ),ਪਾਤਰ ਕਾਵਿ ਸਮਕਾਲੀ ਸਰੋਕਾਰ,ਰਵੀ ਸਾਹਿਤ ਪ੍ਰਕਾਸ਼ਨ,ਅੰਮ੍ਰਿਤਸਰ.2014,ਪੰਨਾ 52.
5. ਉਹੀ ਪੰਨਾ.
6. ਉਹੀ ਪੰਨਾ.
7. ਬਿਰਖ ਅਰਜ਼ ਕਰੇ,ਪੰਨਾ 88.
8. ਉਹੀ, ਪੰਨਾ 42.
9. ਉਹੀ, ਪੰਨਾ 35.

10. ਉਹੀ, ਪੰਨਾ 64.
11. ਉਹੀ, ਪੰਨਾ 72.
12. ਉਹੀ, ਪੰਨਾ 68.
13. ਉਹੀ, ਪੰਨਾ 92.
14. ਉਹੀ, ਪੰਨਾ 68.